


# ਭਾਈ ਗੁਰਦਾਸ ਜੀ

## ਗਾਥਾ | ਲਿਖ਼ਤ | ਪੜ੍ਹਤ

ਸੰਪਾਦਕ
ਪਰਮਿੰਦਰ ਸਿੰਘ ਸ਼ੌਂਕੀ

# ਭਾਈ ਗੁਰਦਾਸ ਜੀ

## ਗਾਥਾ| ਲਿਖ਼ਤ| ਪੜ੍ਹਤ

## ਸੰਪਾਦਕ


## ਡਾ. ਪਰਮਿੰਦਰ ਸਿੰਘ ਸ਼ੌਂਕੀ

# ਸੰਪਾਦਕ ਦੀਆਂ ਹੋਰ ਰਚਨਾਵਾਂ

1. ਮੌਲਾਨਾ ਰੂਮੀ (ਅਨੁਵਾਦ ਅਤੇ ਸੰਪਾਦਨ) ਪੰਜਵੀਂ ਵਾਰ 2022
2. ਪੂੰਜੀਵਾਦੀ ਦ੍ਰਿਸ਼ਟੀ (ਅਨੁਵਾਦ ਅਤੇ ਸੰਪਾਦਨ) ਮਾਰਚ 2018
3. ਅਰਾਜਕਤਾ, ਰਾਜ ਅਤੇ ਯੂਟੋਪੀਆ (ਅਨੁਵਾਦ ਅਤੇ ਸੰਪਾਦਨ) ਤੀਜੀ ਵਾਰ ਮਾਰਚ 2022
4. ਰਚਨਾ/ਸੰਵਾਦ (ਅਨੁਵਾਦ ਅਤੇ ਸੰਪਾਦਨ) ਸਤੰਬਰ 2018
5. ਗੁਰਬਾਣੀ: ਦਾਰਸ਼ਨਿਕ ਪਰਿਪੇਖ, ਮਾਰਚ 2018
6. ਯੁੱਧ ਕਲਾ (ਅਨੁਵਾਦ ਅਤੇ ਸੰਪਾਦਨ), ਜੂਨ 2018
7. ਅਨੁਭਵ (ਸੰਪਾਦਕ) ਅਗਸਤ 2021
8. ਕੇਂਦਰ ਬਿੰਦੂ, ਅਕਤੂਬਰ 2021
9. ਸਮਾਜਵਾਦ ਦਾ ਅਸਲ ਸੱਚ, ਅਗਸਤ 2023

10.ਸੱਚੀ ਰਮਾਇਣ (ਅਨੁਵਾਦ ਅਤੇ ਸੰਪਾਦਨ, ਤਿਆਰੀ ਅਧੀਨ)

11.ਗੁਰਬਾਣੀ ਪ੍ਰਤਿਰੋਧ (ਤਿਆਰੀ ਅਧੀਨ)

12.ਭਾਸ਼ਾ ਦੀ ਰਾਜਨੀਤੀ (ਤਿਆਰੀ ਅਧੀਨ)

13.ਅਨਹਦ ਈ-ਮੈਗਜ਼ੀਨ (ਤ੍ਰੈ-ਮਾਸਿਕ) ਮੁੱਖ-ਸੰਪਾਦਕ

**BHAI GURDAS JI: GATHA, LIKHIT, PADHAT** (Criticism)
By Dr. Parminder Singh Shonkey

Published By
**RETHINK BOOKS**
Vill. Fatehgarh Chhanna
P.O. Deh-Kalan
Teh./Distt. Sangrur-148034
Email: info@rethinkbooks.in
Sub-Office: 28A, Nilothi Ext.,
Vikaspuri Ext., Chandar Vihar,
New Delhi-110041

© Publisher
YEAR: 2024
ISBN: 978-93-94737-44-0
Printed at: D.K. Fine Art. Pvt. Ltd., New Delhi.

ਇਹ ਕਿਤਾਬ "**ਨਾਨਕਸ਼ਾਹੀ ਟਰੱਸਟ**" ਦੇ ਸਹਿਯੋਗ ਸਦਕਾ ਛਾਪੀ ਗਈ ਹੈ।

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ ਜਾਂ ਪੀ.ਡੀ.ਐਫ ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ.

# ਤਵਿਸ਼ਾ-ਸੂਚੀ

ਸੰਪਾਦਕੀ ਸ਼ਬਦ 7

ਭਾਈ ਗੁਰਦਾਸ ਦਾ ਜੀਵਨ 20

ਡਾ. ਗੁਰਬਖ਼ਸ਼ ਸਿੰਘ ਸ਼ਾਂਤ

ਭਾਈ ਗੁਰਦਾਸ ਭੱਲੇ ਦਾ ਜੀਵਨ 122

ਰਣਧੀਰ ਸਿੰਘ

ਪੰਜਾਬੀ ਵਾਰ ਵਿਚ ਮੋੜ 191

ਡਾ. ਪ੍ਰੀਤਮ ਸਿੰਘ

ਪੰਜਾਬੀ ਵਾਰ-ਸਾਹਿਤ ਵਿਚ ਭਾਈ ਗੁਰਦਾਸ ਦਾ ਸਥਾਨ 205

ਡਾ. ਜੀਤ ਸਿੰਘ ਸੀਤਲ

ਮਹਾਂ ਕਵੀ ਭਾਈ ਗੁਰਦਾਸ 238

ਡਾ. ਗੁਰਚਰਨ ਸਿੰਘ

ਭਾਈ ਗੁਰਦਾਸ ਦੀ ਪਹਿਲੀ ਵਾਰ 253

ਪ੍ਰੋ. ਰਾਮ ਸਿੰਘ

ਭਾਈ ਗੁਰਦਾਸ ਤੇ ਸਮਾਜਕ ਬਣਤਰ 280

ਪ੍ਰੋ. ਕਿਸ਼ਨ ਸਿੰਘ

ਭਾਈ ਗੁਰਦਾਸ ਜੀ ਦੇ ਰਾਜਸੀ ਵਿਚਾਰ 353

ਭਾਈ ਜੋਧ ਸਿੰਘ

ਭਾਈ ਗੁਰਦਾਸ ਦਾ ਅਧਿਆਤਮਵਾਦ 366

ਪ੍ਰਿੰ: ਸੰਤ ਸਿੰਘ ਸੇਖੋਂ

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰ-ਇਤਿਹਾਸ 401

ਸ਼ਮਸ਼ੇਰ ਸਿੰਘ ਅਸ਼ੋਕ

ਭਾਈ ਗੁਰਦਾਸ ਦੀ ਰਚਨਾ 422

ਡਾ. ਜਸਪਾਲ ਸਿੰਘ ਅਮਰ

ਭਾਈ ਗੁਰਦਾਸ ਦੀ ਹਿੰਦੀ ਰਚਨਾ 472

ਪਿਆਰਾ ਸਿੰਘ ਪਦਮ

ਭਾਈ ਗੁਰਦਾਸ ਅਤੇ ਅਥਰਵਬਣ ਰੀਤ ਦਾ ਸਿਧਾਂਤ 501

ਸ਼ਮਸ਼ੇਰ ਸਿੰਘ

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਮਨਮੁਖ ਦਾ ਸੰਕਲਪ 559

ਪ੍ਰਭਜੋਤ ਕੌਰ

# ਸੰਪਾਦਕੀ ਸ਼ਬਦ

ਪੰਜਾਬੀ ਸਾਹਿਤ ਵਿਚ ਭਾਈ ਗੁਰਦਾਸ ਜੀ ਦਾ ਨਾਮ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਆਪ ਜੀ ਗੁਰੂ-ਪਰਿਵਾਰ ਵਿਚ ਪੈਦਾ ਹੋਏ ਤੇ ਪੂਰੀ ਜ਼ਿੰਦਗੀ ਗੁਰਮਤਿ ਆਦਰਸ਼ ਨੂੰ ਪਰਨਾਏ ਰਹੇ। ਹਾਲਾਂਕਿ ਗੁਰੂ ਪਰਿਵਾਰ ਵਿਚ ਪੈਦਾ ਹੋਣਾ ਆਪਣੇ-ਆਪ ਵਿਚ ਇਕ ਸਰਬੋਤਮ ਪ੍ਰਾਪਤੀ ਨਹੀਂ ਹੈ, ਬਲਕਿ ਇਸ ਪਰੰਪਰਾ ਅਤੇ ਵਿਧਾਨ ਅਨੁਸਾਰ ਪੂਰੀ ਜੀਵਨ ਯਾਤਰਾ ਸੰਪੂਰਨ ਕਰਨਾ ਵਧੇਰੇ ਅਹਿਮ ਹੈ। ਕਿਉਂਕਿ ਗੁਰਮਤਿ ਅੰਦਰ ਪਰਿਵਾਰਕ ਪਿਛੋਕੜ ਅਤੇ ਜੁੜਾਓ ਕਿਸੇ ਵਿਅਕਤੀ ਜਾਂ ਸ਼ਖ਼ਸੀਅਤ ਨੂੰ ਪਰਖਣ ਦਾ ਪ੍ਰਮਾਣਿਕ ਤਰੀਕਾ ਨਹੀਂ ਸਵੀਕਾਰਿਆ ਗਿਆ, ਸਗੋਂ ਇਸ ਦੀ ਕਸੌਟੀ ਗੁਣ ਅਤੇ ਆਚਰਨ ਨੂੰ ਮਿਥਿਆ ਗਿਆ ਹੈ। ਇਸ ਲਈ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਭਾਈ ਗੁਰਦਾਸ ਜੀ ਗੁਰੂ

ਪਰਿਵਾਰ ਵਿਚ ਪੈਦਾ ਹੋਏ ਤਾਂ ਇਸ ਦਾ ਇਕ ਅਰਥ ਇਹ ਵੀ ਹੈ ਕਿ ਉਨ੍ਹਾਂ ਨੇ ਇਸ "ਪਰਿਵਾਰਿਕ" ਚੇਤਨਾ ਅਤੇ ਵਿਹਾਰ ਨੂੰ ਆਪਣੇ ਅੰਤਹਿਕਰਨ ਤੋਂ ਸਵੀਕਾਰਿਆ ਹੋਇਆ ਸੀ। ਇਸ ਲਈ ਭਾਈ ਗੁਰਦਾਸ ਜੀ ਉਨ੍ਹਾਂ ਚੋਣਵੇਂ ਗੁਰਸਿੱਖਾਂ ਵਿਚ ਸ਼ਾਮਲ ਹੁੰਦੇ ਹਨ, ਜਿਨ੍ਹਾਂ ਨੇ ਗੁਰੂ ਪਰਿਵਾਰ ਵਿਚ ਜਨਮ ਲੈ ਕੇ ਗੁਰਮਤਿ ਅਕੀਦੇ ਪ੍ਰਤੀ ਆਪਣੀ ਸਮਰਪਿਤਤਾ ਹਮੇਸ਼ਾ ਹੀ ਕਾਇਮ ਰੱਖੀ। ਉਨ੍ਹਾਂ ਦੀ ਇਹ ਸਮਰਪਿਤਤਾ ਨਾ ਸਿਰਫ਼ ਉਨ੍ਹਾਂ ਦੇ ਜੀਵਨ ਘਟਨਾਕ੍ਰਮ; ਸਗੋਂ ਲਿਖਤ ਵਿਚ ਵੀ ਭਲੀ-ਭਾਂਤ ਦਿਖਾਈ ਦਿੰਦੀ ਹੈ।

ਹਾਲਾਂਕਿ ਭਾਈ ਗੁਰਦਾਸ ਜੀ ਦੇ ਮੁੱਢਲੇ ਜੀਵਨ ਬਾਰੇ ਸਾਡੇ ਕੋਲ ਕੋਈ ਵਧੇਰੇ ਅਤੇ ਪੁਖ਼ਤਾ ਸਬੂਤ ਨਹੀਂ ਹਨ। ਜਿਵੇਂ ਕਿ ਅਸੀਂ ਕਿਤਾਬ ਵਿਚ ਦੇਖਾਂਗੇ ਇਨ੍ਹਾਂ ਦੀ ਭਾਲ ਲਈ ਕੁਝ ਯਤਨ ਜ਼ਰੂਰ ਹੋਏ ਹਨ, ਪਰ ਹਵਾਲਿਆਂ ਅਤੇ ਪਰੰਪਰਾ ਦੀ ਘਾਟ ਕਾਰਨ ਉਹ ਕਾਫ਼ੀ ਨਿਗੂਣੇ ਜਿਹੇ ਮਹਿਸੂਸ ਹੁੰਦੇ ਹਨ। ਪਰ ਇਸ ਸਭ ਦੇ